# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 06.06.2018 ਨੂੰ ਦੁਪਹਿਰ 3.00 ਵਜੇ

ਅੱਜ ਮਿਤੀ 06.06.2018 ਨੂੰ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਹਰਪਾਲ ਸਿੰਘ | 7 | ਕੌਂਸਲਰ |
| 5 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 6 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 7 | ਪੰਕਜ ਅਰੋੜਾ | 12 | ਕੌਂਸਲਰ |
| 8 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 9 | ਹਰਮਿੰਦਰ ਸਿੰਘ | 17 | ਕੌਂਸਲਰ |
| 10 | ਰਾਜਾ ਸਿੰਘ | 18 | ਕੌਂਸਲਰ |
| 11 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 12 | ਦਰਸ਼ਨ ਕੁਮਾਰ | 20 | ਕੌਂਸਲਰ |
| 13 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 14 | ਸੁਖਮਿੰਦਰ ਸਿੰਘ | 22 | ਕੌਂਸਲਰ |
| 15 | ਕਮਲੇਸ਼ ਰਾਣੀ | 23 | ਕੌਂਸਲਰ |
| 16 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 17 | ਰਾਜ ਕੁਮਾਰ | 27 | ਕੌਂਸਲਰ |
| 18 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 19 | ਤਰਲੋਚ ਸਿੰਘ | 29 | ਕੌਂਸਲਰ |
| 20 | ਪ੍ਰੀਤਮ ਕੌਰ | 31 | ਕੌਂਸਲਰ |
| 21 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 22 | ਜਗਰਾਜ ਸਿੰਘ | 36 | ਕੌਂਸਲਰ |
| 23 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 24 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 25 | ਛਿੰਦਰ ਕੌਰ | 40 | ਕੌਂਸਲਰ |
| 26 | ਅੰਜਨਾ ਰਾਣੀ | 41 | ਕੌਂਸਲਰ |
| 27 | ਪ੍ਰਦੀਪ ਗੋਇਲ | 42 | ਕੌਂਸਲਰ |
| 28 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 29 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 30 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 31 | ਨਿਰਮਲ ਕੌਰ | 47 | ਕੌਂਸਲਰ |
| 32 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 33 | ਗੁਰਮੀਤ ਕੌਰ | 49 | ਕੌਂਸਲਰ |
| 34 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਆਪਣੇ ਫੰਡਾਂ ਦੀ ਸਹੀ ਵਰਤੋਂ ਕਰਨ ਦੇ ਬਾਵਜੂਦ ਸਹੀ ਢੰਗ ਨਾਲ ਸੁਪਵੀਜ਼ਨ ਨਹੀਂ ਕੀਤੀ ਜਾ ਰਹੀ। ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਕਿਸੇ ਵੀ ਕੰਮ ਦੀ ਸੁਪਰਵੀਜ਼ਨ ਕਰਨਾ ਨਗਰ ਨਿਗਮ ਦੇ ਅਧਿਕਾਰੀਆ ਦੀ ਜਿੰਮੇਵਾਰੀ ਬਣਦੀ ਹੈ। ਉਹਨਾਂ ਪੁੱਛਿਆ ਕਿ ਨਗਰ ਨਿਗਮ ਵੱਲੋਂ ਮੁਲਤਾਨੀਆ ਰੋਡ ਤੇ ਜੋ ਆਈ ਕੈਟ ਲਗਾਏ ਗਏ ਹਨ, ਉਹਨਾਂ ਤੇ ਕਿੰਨਾਂ ਖਰਚਾ ਕੀਤਾ ਗਿਆ ਹੈ? ਉਹਨਾਂ ਦਸਿਆ ਕਿ ਇਹਨਾਂ ਆਈ ਕੈਟ ਨੂੰ ਲੱਗੇ ਅਜੇ ਸਿਰਫ 10 ਦਿਨ ਹੀ ਹੋਏ ਹਨ, ਜਦਕਿ ਨਗਰ ਨਿਗਮ ਵੱਲੋਂ ਹੀ ਇਹਨਾਂ ਆਈ ਕੈਟਸ ਤੇ ਲੁੱਕ ਪਾ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਜੇਕਰ ਨਗਰ ਨਿਗਮ ਨੂੰ ਪਤਾ ਸੀ ਕਿ 10 ਦਿਨ ਬਾਅਦ ਲੁੱਕ ਪਾਈ ਜਾਣੀ ਹੈ, ਤਾਂ ਆਈ ਕੈਟਸ ਬਾਅਦ ਵਿੱਚ ਕਿਉਂ ਨਹੀਂ ਲਗਾਏ ਗਏ। ਉਹਨਾਂ ਕਿਹਾ ਕਿ ਇਸ ਨਾਲ ਲੋਕਾਂ ਪਾਸੋਂ ਟੈਕਸ ਦੇ ਰੂਪ ਵਿੱਚ ਇੱਕਠੇ ਕੀਤੇ ਪੈਸਿਆਂ ਦੀ ਯੋਗ ਵਰਤੋਂ ਕੀਤੀ ਜਾਵੇ।

ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਆਲਮ ਬਸਤੀ ਦੀ ਤਕਰੀਬਨ 30-40 ਏਕੜ ਜਗ੍ਹਾ ਵਿੱਚ ਪਹਿਲਾਂ ਬਾਰਸ਼ ਦਾ ਪਾਣੀ ਖੜਾ ਹੁੰਦਾ ਸੀ। ਪਰੰਤੂ ਹੁਣ ਇਸ ਬਸਤੀ ਵਿੱਚ ਆਬਾਦੀ ਬਹੁਤ ਜਿਆਦਾ ਵੱਧ ਗਈ ਹੈ ਅਤੇ ਹੁਣ ਇਸ ਬਸਤੀ ਦਾ ਪਾਣੀ ਵੀ ਬਾਹਰ ਆ ਜਾਂਦਾ ਹੈ। ਉਹਨਾਂ ਦਸਿਆ ਕਿ ਇਸ ਏਰੀਏ ਤੋਂ ਪਾਣੀ ਦੀ ਨਿਕਾਸੀ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਪਾਈਪ ਪਾਈ ਗਈ ਹੈ। ਉਹਨਾਂ ਪੁੱਛਿਆ ਕਿ ਕਿੰਨੀ ਪਾਈਪ ਪਾਈ ਗਈ ਹੈ ਅਤੇ ਕੀ ਮੋਟਰ ਨਾਲ ਪਾਣੀ ਕੱਢਣ ਸਮੇਂ ਪਾਣੀ ਇਸੇ ਜਗ੍ਹਾ ਤਾਂ ਹੀ ਨਹੀਂ ਘੁੰਮੀ ਜਾਵੇਗਾ?

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਲੋਕਾਂ ਦੀ ਭਲਾਈ ਲਈ ਨਗਰ ਨਿਗਮ ਵੱਲੋਂ ਵਿਕਾਸ ਦੇ ਕੰਮ ਕਰਵਾਏ ਜਾਂਦੇ ਹਨ। ਹੁਣ ਤੱਕ ਨਗਰ ਨਿਗਮ ਵੱਲੋਂ ਕਰੋੜਾਂ ਰੁਪਏ ਦੇ ਵਿਕਾਸ ਦੇ ਕੰਮ ਕਰਵਾਏ ਗਏ ਹਨ। ਉਹਨਾਂ ਜਾਣੂ ਕਰਵਾਇਆ ਕਿ ਪਿਛਲੇ ਕੁੱਝ ਸਮੇਂ ਵਿੱਚ ਨਗਰ ਨਿਗਮ ਵੱਲੋਂ ਲਗਭਗ 74.00 ਕਰੋੜ ਰੁਪਏ ਦੇ ਵਿਕਾਸ ਦੇ ਕੰਮ ਕਰਵਾਏ ਗਏ ਹਨ, ਜੋ ਕਿ ਸਮੇਂ ਸਿਰ ਪੂਰੇ ਕੀਤੇ ਗਏ ਅਤੇ ਸਰਕਾਰ ਵੱਲੋਂ ਕੀਤੇ ਸਰਵੇ ਅਨੁਸਾਰ ਨਗਰ ਨਿਗਮ ਬਠਿੰਡਾ ਨੂੰ Excellent ਦਾ ਰੁਤਬਾ ਵੀ ਦਿੱਤਾ ਗਿਆ। ਉਹਨਾਂ ਕਿਹਾ ਕਿ ਹੁਣ ਸੁਣਨ ਵਿੱਚ ਆ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਨੂੰ ਇਗਨੋਰ ਕਰਕੇ ਨਗਰ ਸੁਧਾਰ ਟਰੱਸਟ ਪਾਸੋਂ ਸ਼ਹਿਰ ਦੇ ਵਿਕਾਸ ਦੇ ਕੰਮ ਕਰਾਉਣ ਲਈ ਫੰਡਜ਼ ਦਿੱਤੇ ਜਾ ਰਹੇ ਹਨ। ਉਹਨਾਂ ਪੁੱਛਿਆ ਕਿ ਨਗਰ ਨਿਗਮ ਪਾਸ ਅਧਿਕਾਰੀਆਂ ਦੀ ਕਮੀ ਹੈ ਜਾਂ ਨਗਰ ਨਿਗਮ ਦੇ ਅਧਿਕਾਰੀ ਵਿਕਾਸ ਦੇ ਕੰਮ ਕਰਾਉਣ ਵਿੱਚ ਸਮੱਰਥ ਨਹੀਂ ਹਨ ਜਾਂ ਅਜਿਹੇ ਕੀ ਹਾਲਾਤ ਬਣ ਗਏ ਹਨ ਜੋ ਵਿਕਾਸ ਦੇ ਕੰਮ ਜਿਹੜੇ ਨਗਰ ਨਿਗਮ ਵੱਲੋਂ ਕਰਵਾਏ ਜਾਣੇ ਹਨ, ਉਹਨਾਂ ਲਈ ਫੰਡਜ਼ ਹੁਣ ਨਗਰ ਸੁਧਾਰ ਟਰੱਸਟ ਨੂੰ ਦਿੱਤੇ ਜਾ ਰਹੇ ਹਨ ਅਤੇ ਕੰਮ ਵੀ ਨਗਰ ਸੁਧਾਰ ਟਰੱਸਟ ਤੋਂ ਕਰਵਾਉਣਾ ਪੈ ਰਿਹਾ ਹੈ। ਇਸਤੇ ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਮਿਤੀ 05.06.2018 ਨੂੰ ਵਿੱਤ ਮੰਤਰੀ, ਪੰਜਾਬ ਜੀ ਨਗਰ ਨਿਗਮ ਦਫਤਰ ਆਏ ਸਨ, ਤੁਸੀ ਉਹਨਾਂ ਨੂੰ ਬੇਨਤੀ ਕਰ ਲੈਂਦੇ। ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਦੇ ਅਰਜੁਨ ਨਗਰ ਵਿਖੇ ਵਿਕਾਸ ਦੇ ਕੰਮ ਕਰਾਉਣ ਲਈ 22.00 ਲੱਖ ਰੁਪਏ ਦਾ ਤਖਮੀਨਾ ਬਣਾਇਆ ਗਿਆ ਸੀ, ਪਰੰਤੂ ਨਗਰ ਨਿਗਮ ਵੱਲੋਂ ਉਹ ਪਾਸ ਨਹੀਂ ਕੀਤਾ ਗਿਆ। ਇਸ ਲਈ ਹੁਣ ਫੰਡਜ਼ ਨਗਰ ਸੁਧਾਰ ਟਰੱਸਟ ਨੂੰ ਦਿੱਤੇ ਜਾ ਰਹੇ ਹਨ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸ੍ਰ: ਜਗਰੂਪ ਸਿੰਘ ਗਿੱਲ ਨੇ ਜੋ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਨਾਲ ਮਤਭੇਦ ਕਰਨ ਦੇ ਦੋਸ਼ ਲਗਾਏ ਹਨ, ਉਹ ਬਿਲਕੁੱਲ ਬੇਬੁਨਿਆਦ ਹਨ। ਨਿਗਮ ਹਾਊਸ ਵੱਲੋਂ ਕਿਸੇ ਵੀ ਕੌਂਸਲਰ ਸਾਹਿਬਾਨ ਨਾਲ ਕੋਈ ਮਤਭੇਦ ਨਹੀਂ ਕੀਤਾ ਗਿਆ। ਉਹਨਾਂ ਮੀਡੀਆ ਨੂੰ ਮੁਖਾਤਿਬ ਹੋ ਕੇ ਕਿਹਾ ਕਿ ਤੁਸੀ ਨਗਰ ਨਿਗਮ ਵੱਲੋਂ ਪਿਛਲੇ 10 ਸਾਲਾਂ ਦੋਰਾਨ ਕੀਤੇ ਗਏ ਕੰਮਾਂ ਦੀ ਲਿਸਟ ਲੈ ਲਉ। ਇਸ ਵਿੱਚ ਆਪ ਨੂੰ ਪਤਾ ਚੱਲ ਜਾਵੇਗਾ ਕਿ ਕਿਸੇ ਵੀ ਕੌਂਸਲਰ ਸਾਹਿਬਾਨ ਨਾਲ ਵਿਕਾਸ ਦੇ ਕੰਮਾਂ ਸਬੰਧੀ ਕੋਈ ਮਤਭੇਦ ਨਹੀਂ ਕੀਤਾ ਗਿਆ। ਇਸਤੇ ਸਮੁੱਚੇ ਹਾਊਸ ਵੱਲੋਂ ਮੇਜ਼ਾਂ ਥਪਥਪਾਈਆਂ ਗਈਆਂ। ਇਸਤੇ ਹਾਊਸ਼ ਵਿੱਚ ਮੋਜੂਦ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਖੜੇ ਹੋ ਕੇ ਮਾਨਯੋਗ ਮੇਅਰ ਸਾਹਿਬ ਨਾਲ ਭਲਾ ਬੁਰਾ ਬੋਲਣ ਲੱਗ ਪਏ ਅਤੇ ਮਾਨਯੋਗ ਮੇਅਰ ਸਾਹਿਬ ਨੂੰ ਆਪਣਾ ਪੱਖ ਨਹੀਂ ਰੱਖਣ ਦਿੱਤਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਇਤਿਹਾਸ ਵਿੱਚ ਇਹ ਕਾਲਾ ਦਿਨ ਹੋਵੇਗਾ ਕਿ ਨਗਰ ਨਿਗਮ ਬਠਿੰਡਾ ਵਿਖੇ ਇੱਕ ਤੋਂ ਵੱਧ ਕੇ ਇੱਕ ਵਧੀਆ ਅਫਸਰ ਮੋਜੂਦ ਹੋਵੇ ਤੇ ਪੰਜਾਬ ਸਰਕਾਰ ਵੱਲੋਂ ਫੰਡਜ਼ ਕਿਸੇ ਹੋਰ ਮਹਿਕਮੇ ਨੂੰ ਦੇ ਕੇ ਵਿਕਾਸ ਦੇ ਕੰਮ ਕਰਵਾਏ ਜਾਣ। ਉਹਨਾਂ ਕਿਹਾ ਕਿ ਮੀਡੀਆ ਲੋਕਾਂ ਦੀਆਂ ਅੱਖਾਂ, ਕੰਨ ਅਤੇ ਦਿਮਾਗ ਹੁੰਦਾ ਹੈ। ਉਹਨਾਂ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਨੂੰ ਕਿਹਾ ਕਿ ਤੁਸੀ ਗੱਲ ਕਹਿ ਲਈ, ਹੁਣ ਉਹਨਾਂ ਨੂੰ ਵੀ ਜਵਾਬ ਦੇਣ ਦਿਉ। ਪਰੰਤੂ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਨੇ ਮਾਨਯੋਗ ਮੇਅਰ ਸਾਹਿਬ ਨੂੰ ਬੋਲਣ ਨਹੀਂ ਦਿੱਤਾ। ਪਹਿਲਾਂ ਤਾਂ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਉਹਨਾਂ ਦੇ ਵਾਰਡਾਂ ਵਿੱਚ ਵਿਕਾਸ ਦੇ ਕੰਮ ਨਾਂ ਕਰਾਉਣ ਸਬੰਧੀ ਪੁੱਛਦੇ ਰਹੇ। ਜੱਦ ਮਾਨਯੋਗ ਮੇਅਰ ਸਾਹਿਬ ਵੱਲੋਂ ਮੀਡੀਆ ਨੂੰ ਮੁਖਾਤਿਬ ਹੋ ਕੇ ਨਗਰ ਨਿਗਮ ਵੱਲੋਂ ਪਿਛਲੇ 10 ਸਾਲਾਂ ਦੋਰਾਨ ਕਰਵਾਏ ਗਏ ਵਿਕਾਸ ਦੇ ਕੰਮਾਂ ਬਾਰੇ ਲਿਸਟਾਂ ਪੇਸ਼ ਕਰਨੀਆਂ ਚਾਹੀਆਂ ਤਾਂ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨਾਂ ਨੇ ਇਸਨੂੰ ਇਗਨੋਰ ਕਰਕੇ ਨਗਰ ਨਿਗਮ ਬਠਿੰਡਾ ਵੱਲੋਂ ਨਗਰ ਸੁਧਾਰ ਟਰੱਸਟ ਬਠਿੰਡਾ ਪਾਸੋਂ ਬਲਿਊ ਫੌਕਸ ਪ੍ਰਾਪਰਟੀ ਦੇ ਬਦਲੇ ਬਣਦੇ 65.00 ਕਰੋੜ ਰੁਪਏ ਸਮੇਤ ਵਿਆਜ਼ ਨਾ ਲੈਣ ਕਰਕੇ ਨਿਗਮ ਨੂੰ ਹੋ ਰਹੇ ਨੁਕਸਾਨ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ।

ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਨਿਗਮ ਵੱਲੋਂ 3.50 ਕਰੋੜ ਰੁਪਏ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਲਗਾਏ ਗਏ ਸਨ। ਉਸ ਸਮੇਂ ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਲਾਗੂ ਕਰ ਦਿੱਤਾ ਗਿਆ। ਜੀ.ਐਸ.ਟੀ. ਲਾਗੂ ਹੋਣ ਨਾਲ ਨਗਰ ਨਿਗਮ ਨੂੰ ਬਣਦੀ ਰਾਸ਼ੀ ਪ੍ਰਾਪਤ ਨਾ ਹੋਈ। ਰਾਸ਼ੀ ਪ੍ਰਾਪਤ ਨਾ ਹੋਣ ਕਾਰਨ ਨਿਗਮ ਵਿਖੇ ਫੰਡਾਂ ਦੀ ਘਾਟ ਹੋਣ ਤੇ ਉਕਤ ਕੰਮਾਂ ਦੇ ਵਰਕ ਆਰਡਰ ਰੋਕੇ ਗਏ ਸਨ। ਉਹਨਾਂ ਦਸਿਆ ਕਿ ਨਿਗਮ ਵੱਲੋਂ ਕਿਸੇ ਵੀ ਕੌਂਸਲਰ ਸਾਹਿਬਾਨ ਦੇ ਕੰਮ ਨਹੀਂ ਰੋਕੇ ਗਏ। ਸਿਰਫ ਫੰਡਾਂ ਦੀ ਘਾਟ ਕਾਰਨ ਹੀ ਕੰਮ ਨਾ ਹੋ ਸਕੇ। ਉਹਨਾਂ ਦਸਿਆ ਕਿ ਨਗਰ ਸੁਧਾਰ ਟਰੱਸਟ ਵੱਲੋਂ ਤਕਰੀਬਨ 62.00 ਕਰੋੜ ਰੁਪਏ ਬਲਿਊ ਫੌਕਸ ਦੀ ਪ੍ਰਾਪਰਟੀ ਵਿਰੁੱਧ ਲੈਣੇ ਬਣਦੇ ਹਨ। ਇਸ ਸਬੰਧੀ ਵਾਰ-ਵਾਰ ਉਹਨਾਂ ਨਾਲ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ। ਪਰੰਤੂ ਉਹਨਾਂ ਪਾਸ ਵੀ ਫੰਡਜ਼ ਨਾ ਹੋਣ ਕਾਰਨ ਅਤੇ ਬਲਿਊ ਫੌਕਸ ਦੀ ਪ੍ਰਾਪਰਟੀ ਨਾ ਵਿਕਣ ਕਾਰਨ ਉਕਤ ਰਾਸ਼ੀ ਨਗਰ ਨਿਗਮ ਨੂੰ ਪ੍ਰਾਪਤ ਨਹੀਂ ਹੋ ਰਹੀ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਵਾਰ-ਵਾਰ ਤੇਜ਼ਾਬ ਫੈਕਟਰੀ ਵਾਲੀ ਗਲੀ, ਪਰਸ ਰਾਮ ਨਗਰ ਵਿਖੇ ਨਰੋਤਮ ਫਰਨੀਚਰ ਹਾਊਸ ਵੱਲੋਂ ਬਣਾਈ ਨਜਾਇਜ ਥੜੀ ਤੋੜਨ ਦੀ ਮੰਗ ਕੀਤੀ ਜਾ ਰਹੀ ਹੈ, ਕਿਉਂ ਜੋ ਇਸ ਨਾਲ ਇਸ ਗਲੀ ਵਿੱਚ ਟ੍ਰੈਫਿਕ ਜਾਮ ਰਹਿੰਦਾ ਹੈ ਅਤੇ ਲੋਕਾਂ ਅਤੇ ਬੱਚਿਆਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰੰਤੂ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਇਹ ਵੀ ਦਸਿਆ ਕਿ ਇਸੇ ਵਿਅਕਤੀ ਵੱਲੋਂ ਉਹਨਾਂ ਦੇ ਗਲੀ ਦੇ ਮੌੜ ਤੇ ਲੱਗੇ ਬੋਰਡ ਤੇ ਦੋ ਵਾਰ ਕਾਲਖ ਪੋਤ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਨਰੋਤਮ ਫਰਨੀਚਰ ਹਾਊਸ ਦਾ ਮਾਲਕ ਬਹੁਤ ਧੰਨਵਾਨ ਵਿਅਕਤੀ ਹੈ। ਉਹਨਾਂ ਜਾਣੂ ਕਰਵਾਇਆ ਕਿ ਅੰਮ੍ਰਿਤਸਰ ਵਿਖੇ ਇੱਕ ਚੁਣੇ ਹੋਏ ਨੁਮਾਇੰਦੇ ਨੂੰ ਪਬਲਿਕ ਦੇ ਕਿਸੇ ਵਿਅਕਤੀ ਨੇ

ਸਰੇ-ਆਮ ਗੋਲੀ ਮਾਰੀ। ਉਹਨਾਂ ਕਿਹਾ ਕਿ ਉਹ ਬਾਲ-ਬੱਚੇਦਾਰ ਆਦਮੀ ਹਨ ਅਤੇ ਇੱਕ ਸ਼ਰੀਫ ਘਰਾਨੇ ਨਾਲ ਤਾਲੁਕ ਰਖਦੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਨਰੋਤਮ ਫਰਨੀਚਰ ਹਾਊਸ ਦੇ ਮਾਲਕ ਤੋਂ ਖਤਰਾ ਹੈ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਦੇ ਅਧਿਕਾਰੀ ਉਕਤ ਫਰਨੀਚਰ ਹਾਊਸ ਦੇ ਮਾਲਕ ਨਾਲ ਮਿਲੇ ਹੋਏ ਹਨ। ਇਹ ਉਸਦੀ ਨਜਾਇਜ ਮਦਦ ਕਰਦੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਬਲੀ ਦਾ ਬਕਰਾ ਬਣਾਇਆ ਜਾ ਰਿਹਾ ਹੈ। ਉਹਨਾਂ ਦਰਖਾਸਤ ਦਿੰਦੇ ਹੋਏ ਬੇਨਤੀ ਕੀਤੀ ਕਿ ਜਲਦ ਤੋਂ ਜਲਦ ਉਕਤ ਵਿਅਕਤੀ ਦੇ ਖਿਲਾਫ ਨਗਰ ਨਿਗਮ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਜੇਕਰ ਉਹਨਾਂ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਇਸਦੇ ਜਿੰਮੇਵਾਰ ਉਕਤ ਫਰਨੀਚਰ ਹਾਊਸ ਦੇ ਮਾਲਕ ਦੇ ਨਾਲ-ਨਾਲ ਨਗਰ ਨਿਗਮ ਦੇ ਮੌਜੂਦਾ ਅਧਿਕਾਰੀ ਵੀ ਹੋਣਗੇ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਕੋਈ ਇੱਕ ਚੁਣੇ ਹੋਏ ਨੁਮਾਇੰਦੇ ਦੇ ਬੋਰਡ ਤੇ ਵਾਰ-ਵਾਰ ਕਾਲਖ ਮਲਦਾ ਹੈ ਤਾਂ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਉਹਨਾਂ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਸਖਤ ਹਦਾਇਤ ਕੀਤੀ ਕਿ ਜਿਸ ਵਿਅਕਤੀ ਨੇ ਵੀ ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਦੇ ਨਾਮ ਦੇ ਬੋਰਡ ਤੇ ਕਾਲਖ ਪੋਤੀ ਹੈ, ਉਸਦੇ ਖਿਲਾਫ ਸੀਨੀਅਰ ਕਪਤਾਨ ਪੁਲਿਸ ਨੂੰ ਲਿਖ ਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਵੱਲੋਂ ਜੋ ਵਾਰ-ਵਾਰ ਥੜੀ ਢਾਉਣ ਦਾ ਮੁੱਦਾ ਉਠਾਇਆ ਜਾ ਰਿਹਾ ਹੈ, ਇਸ ਸਬੰਧੀ ਨਿਗਮ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਕਮਲੇਸ਼ ਰਾਣੀ, ਕੌਂਸਲਰ ਨੇ ਅਮਰੀਕ ਸਿੰਘ ਰੋਡ ਤੇ ਡਾ: ਮੇਲਾ ਰਾਮ ਹਸਪਤਾਲ ਦੇ ਪਾਸ ਜਲਦ ਤੋਂ ਜਲਦ ਚੌਂਕ ਬਨਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ੍ਰ: ਜਗਸੀਰ ਸਿੰਘ, ਕੌਂਸਲਰ ਨੇ ਉੜੀਆ ਕਲੋਨੀ ਵਿੱਚ ਜੋ ਟਾਇਲਟ ਰੱਖੇ ਗਏ ਹਨ, ਉਹਨਾਂ ਨੂੰ ਇੱਕ ਥਾਂ ਤੇ ਨਾ ਰੱਖ ਕੇ ਵੱਖ-ਵੱਖ ਥਾਂਵਾਂ ਤੇ ਰੱਖਣ ਲਈ ਬੇਨਤੀ ਪੱਤਰ ਦਿੱਤਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਦੀ ਰੋਡ ਗੈਂਗ ਸ਼ਾਖਾ ਵੱਲੋਂ ਉਹਨਾਂ ਦੇ ਵਾਰਡ ਵਿੱਚ ਕੰਮ ਨਹੀਂ ਕੀਤਾ ਜਾਂਦਾ। ਉਹਨਾਂ ਇਹ ਵੀ ਕਿਹਾ ਕਿ ਉਹ ਟਰੀ ਗਾਰਡਾਂ ਸਬੰਧੀ ਬਣਾਈ ਸਬ-ਕਮੇਟੀ ਦੇ ਮੈਂਬਰ ਹਨ। ਉਹਨਾਂ ਕਿਹਾ ਕਿ ਇਸ ਸਬੰਧੀ ਜੋ ਰਿਪੋਰਟ ਸਬ-ਕਮੇਟੀ ਵੱਲੋਂ ਪੇਸ਼ ਕੀਤੀ ਗਈ ਹੈ, ਉਹ ਉਸ ਨਾਲ ਸਹਿਮਤ ਨਹੀਂ ਹਨ। ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਦਵਿੰਦਰ ਸਿੰਘ ਜੋੜਾ, ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਸ਼੍ਰੀਮਤੀ ਅੰਜਨਾ ਰਾਣੀ ਦੇ ਵਾਰਡ ਵਿੱਚ ਜੋ ਵੀ ਰੋਡ ਗੈਂਗ ਦਾ ਕੰਮ ਹੋਣ ਵਾਲਾ ਹੈ, ਉਹ ਕਰਵਾ ਦਿੱਤਾ ਜਾਵੇ। ਸ਼੍ਰੀ ਦਵਿੰਦਰ ਸਿੰਘ ਜੋੜਾ, ਨਿਗਮ ਇੰਜੀਨੀਅਰ ਨੇ ਕਿਹਾ ਕਿ ਜ਼ੋਨ ਨੰਬਰ 6 ਵਿੱਚ ਰੋਡ ਗੈਂਗ ਸ਼ਾਖਾ ਵੱਲੋਂ ਕੰਮ ਕਰਾਉਣ ਲਈ 24.00 ਲੱਖ ਰੁਪਏ ਦਾ ਤਖਮੀਨਾ ਐਫ.ਐਂਡ ਸੀ.ਸੀ. ਤੋਂ ਪਾਸ ਹੋਣ ਉਪਰੰਤ ਜਲਦ ਤੋਂ ਜਲਦ ਕੰਮ ਕਰਵਾ ਦਿੱਤੇ ਜਾਣਗੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਉਕਤ 24.00 ਲੱਖ ਰੁਪਏ ਤਖਮੀਨਾ ਐਫ.ਐਂਡ ਸੀ.ਸੀ. ਤੋਂ ਪਾਸ ਕਰਵਾਉਣ ਲਈ ਪੇਸ਼ ਕਰਨ ਦੀ ਹਦਾਇਤ ਕੀਤੀ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਅੱਜ ਜੋ ਵੀ ਘਟਨਾ ਕ੍ਰਮ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਵੱਲੋਂ ਕੀਤਾ ਗਿਆ ਹੈ, ਇਹ ਬਹੁਤ ਹੀ ਮਾੜੀ ਗੱਲ ਹੈ। ਉਹਨਾਂ ਕਿਹਾ ਕਿ ਮਾਨਯੋਗ ਮੇਅਰ ਸਾਹਿਬ ਨੂੰ ਜਵਾਬ ਨਾ ਦੇਣ ਦੇਣਾ, ਇਹ ਕਾਂਗਰੇਸ ਪਾਰਟੀ ਦੇ ਕੌਂਸਲਰਾਂ ਲਈ ਬਹੁਤ ਹੀ ਮਾੜੀ ਗੱਲ ਹੈ। ਉਹਨਾਂ ਦਸਿਆ ਕਿ ਸ਼੍ਰੀ ਪੰਕਜ ਅਰੋੜਾ, ਕੌਂਸਲਰ ਵੱਲੋਂ ਸਿਰਫ ਇਹੋ ਹੀ ਪੁੱਛਿਆ ਗਿਆ ਸੀ ਕਿ ਜੱਦ ਨਗਰ ਨਿਗਮ ਵਿਖੇ ਵਧੀਆ ਅਫਸਰ ਮੌਜੂਦ ਹਨ ਅਤੇ ਨਗਰ ਨਿਗਮ ਵਿਕਾਸ ਦੇ ਹਰ ਕੰਮ ਕਰਾਉਣ ਵਿੱਚ ਸਮਰੱਥ ਹੈ ਤਾਂ ਪੰਜਾਬ ਸਰਕਾਰ ਵੱਲੋਂ ਫੰਡਜ਼ ਨਗਰ ਸੁਧਾਰ ਟਰੱਸਟ ਨੂੰ ਕਿਉਂ ਦਿੱਤੇ ਜਾ ਰਹੇ ਹਨ। ਇਸੇ ਗੱਲ ਤੇ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਭੜਕ ਗਏ ਹਨ। ਉਹਨਾਂ ਮੰਗ ਕੀਤੀ ਕਿ ਨਗਰ ਨਿਗਮ ਬਠਿੰਡਾ ਵੱਲੋਂ ਪਿਛਲੇ 10 ਸਾਲਾਂ ਦੌਰਾਨ ਕੀਤੇ ਗਏ ਵਿਕਾਸ ਦੇ ਕੰਮਾਂ ਦੀ ਲਿਸਟ ਸਾਰੇ ਕੌਂਸਲਰ ਸਾਹਿਬਾਨ ਅਤੇ ਮੀਡੀਆ ਨੂੰ ਦਿੱਤੀ ਜਾਵੇ ਤਾਂ ਜੋ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨ ਨੂੰ ਪਤਾ ਚੱਲ ਸਕੇ ਕਿ ਕਿਸੇ ਵੀ ਕੌਂਸਲਰ ਨਾਲ ਕੋਈ ਵਿਤਕਰਾ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਨਗਰ ਨਿਗਮ ਹਾਊਸ ਵਿੱਚ ਹਰ ਪਾਰਟੀ ਦੇ ਕੌਂਸਲਰ ਸ਼ਾਮਲ ਹਨ। ਐਫ.ਐਂਡ ਸੀ.ਸੀ. ਦੀਆਂ ਮੀਟਿੰਗਾਂ ਵਿੱਚ ਫੈਸਲਾ ਲਿਆ ਗਿਆ ਸੀ ਕਿ ਨਗਰ ਨਿਗਮ ਪਾਸ ਫੰਡਜ਼ ਨਾ ਹੋਣ ਕਾਰਨ ਵਿਕਾਸ ਦੇ ਕੰਮਾਂ ਦੇ ਵਰਕ ਆਰਡਰ ਜਾਰੀ ਨਹੀਂ ਕੀਤੇ ਜਾ ਸਕਦੇ। ਇਸਦੇ ਉਲਟ ਨਗਰ ਨਿਗਮ ਹਾਊਸ ਤੇ ਕਾਂਗਰੇਸ ਪਾਰਟੀ ਦੇ ਕੌਂਸਲਰ ਸਾਹਿਬਾਨਾਂ ਵੱਲੋਂ ਦੋਸ਼ ਲਗਾਉਣਾ ਕਿ ਹਾਊਸ ਵੱਲੋਂ ਸਿਰਫ ਅਕਾਲੀ ਕੌਂਸਲਰ ਸਾਹਿਬਾਨ ਦੇ ਹੀ ਕੰਮ ਕੀਤੇ ਜਾਂਦੇ ਹਨ, ਇਹ ਬਹੁਤ ਹੀ ਮਾੜੀ ਗੱਲ ਹੈ। ਇਸਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਵੀ ਨਗਰ ਨਿਗਮ ਵਿਖੇ ਸਮੱਰਥ ਅਧਿਕਾਰੀਆਂ ਦੇ ਹੁੰਦੇ ਹੋਏ ਵਿਕਾਸ ਦੇ ਕੰਮਾਂ ਲਈ ਨਗਰ ਸੁਧਾਰ ਟਰੱਸਟ ਨੂੰ ਫੰਡਜ਼ ਮੁਹਈਆ ਕਰਾਉਣਾ ਬਹੁਤ ਹੀ ਮੰਦਭਾਗੀ ਘਟਨਾ ਹੈ। ਉਹਨਾਂ ਇਸ ਸਬੰਧੀ ਨਿੰਦਿਆ ਪ੍ਰਸਤਾਵ ਪਾਸ ਕਰਨ ਦੀ ਮੰਗ ਕੀਤੀ, ਜਿਸਦੀ ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨਾਂ ਨੇ ਮੇਜ਼ਾਂ ਥਪਥਪਾ ਕੇ ਪ੍ਰਵਾਨਗੀ ਦਿੱਤੀ। ਇਸਦਾ ਵਿਰੋਧ ਕਰਦੇ ਹੋਏ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਹਾਊਸ ਤੋਂ ਚਲੇ ਗਏ। ਇਸ ਉਪਰੰਤ ਸਮੁੱਚੇ ਹਾਊਸ ਵੱਲੋਂ **ਪਾਸ ਕੀਤਾ ਗਿਆ ਕਿ ਕਿਉਂ ਜੋ ਨਗਰ ਨਿਗਮ ਬਠਿੰਡਾ ਵਿਕਾਸ ਦੇ ਹਰ ਕੰਮ ਕਰਾਉਣ ਵਿੱਚ ਸਮੱਰਥ ਹੈ ਅਤੇ ਹਰ ਵਾਰਡ ਦਾ ਕੌਂਸਲਰ ਆਪਣੇ ਵਾਰਡ ਵਿੱਚ ਹੋਣ ਵਾਲੇ ਕੰਮਾਂ ਪ੍ਰਤੀ ਸੁਚੇਤ ਹੈ। ਪਰੰਤੂ ਹੁਣ ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਕੰਮਾਂ ਲਈ ਨਗਰ ਸੁਧਾਰ ਟਰੱਸਟ ਨੂੰ ਫੰਡਜ਼ ਦੇਣਾ ਅਤੇ ਨਗਰ ਨਿਗਮ ਬਠਿੰਡਾ ਦੇ ਚੁਣੇ ਹੋਣੇ ਨੁਮਾਇੰਦਿਆਂ ਨੂੰ ਇਗਨੋਰ ਕਰਕੇ ਨਗਰ ਸੁਧਾਰ ਟਰੱਸਟ ਪਾਸੋਂ ਹੀ ਕੰਮ ਕਰਾਉਣ ਨਾਲ ਜਰੂਰੀ ਹੋਣ ਵਾਲੇ ਕੰਮਾਂ ਨੂੰ ਛੱਡ ਕੇ ਕੋਈ ਹੋਰ ਕੰਮ ਕਰਵਾ ਦਿੱਤੇ ਜਾਣਗੇ। ਇਸਦੇ ਰੋਸ ਵੱਜੋਂ ਅੱਜ ਦੀ ਮੀਟਿੰਗ ਵਿੱਚ ਨਿੰਦਾ ਪ੍ਰਸਤਾਵ ਪਾਸ ਕੀਤਾ ਜਾਂਦਾ ਹੈ।**

ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਮਾਡਲ ਟਾਊਨ ਵਿਖੇ ਗੁਰਦੁਆਰਾ ਮਾਡਲ ਟਾਊਨ ਪਾਸ ਜੋ ਥੋੜਾ ਜਿਹਾ ਟੋਟਾ ਸੀਵਰੇਜ਼ ਦਾ ਟੋਟਾ ਜੋੜਨ ਵਾਲਾ ਹੈ, ਉਹ ਜਲਦ ਤੋਂ ਜਲਦ ਜੋੜਿਆ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਆ ਰਹੀ ਸਮੱਸਿਆ ਨੂੰ ਦੇਖਦੇ ਹੋਏ ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਵਾਇਆ ਜਾਵੇ।

ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਹਿਕਾ ਕਿ ਆਉਣ ਵਾਲੀਆਂ ਬਰਸਾਤਾਂ ਨੂੰ ਦੇਖਦੇ ਹੋਏ ਪਰਸ ਰਾਮ ਨਗਰ, ਮੇਨ ਰੋਡ ਤੇ ਬਰਸਾਤੀ ਪਾਣੀ ਦੀ ਨਿਕਾਸੀ ਦੀ ਲਈ ਜਲਦ ਤੋਂ ਜਲਦ ਰੋਡ ਜਾਲੀਆਂ ਬਣਾਈਆਂ ਜਾਣ, ਤਾਂ ਜੋ ਬਰਸਾਤਾਂ ਦੋਰਾਨ ਬਾਰਸ਼ ਦਾ ਪਾਣੀ ਭਰਨ ਨਾਲ ਕਿਸੇ ਕਿਸਮ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਸ੍ਰ: ਹਰਪਾਲ ਸਿੰਘ ਢਿੱਲੋਂ, ਸ੍ਰ: ਸੁਖਦੇਵ ਸਿੰਘ ਬਰਾੜ, ਸ੍ਰ: ਹਰਮਿੰਦਰ ਸਿੰਘ ਅਤੇ ਸ਼੍ਰੀ ਦਰਸ਼ਨ ਕੁਮਾਰ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਕਿਉਂ ਜੋ ਜ਼ੋਨ ਨੰਬਰ 2 ਅਤੇ 4 ਵਿੱਚ ਰੋਡ ਜਾਲੀਆ ਸਾਫ ਕਰਨ ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵੇਰਜ਼ ਬੋਰਡ ਦੁਆਰਾ ਤ੍ਰਿਵੇਣੀ ਕੰਪਨੀ ਤੋਂ ਕਰਵਾਇਆ ਜਾਣਾ ਹੈ, ਉਸ ਕੰਮ ਸਬੰਧੀ ਸ਼ਡਿਊਲ ਦਿੱਤਾ ਜਾਵੇ ਅਤੇ ਰੋਡ ਜਾਲੀਆਂ ਸਾਫ ਕਰਨ ਦਾ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਰਾਕੇਸ਼ ਮਹਿਤਾ, ਐਸ.ਡੀ.ਓ. ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਜ਼ੋਨ ਨੰਬਰ 2 ਐਤ 4 ਦੇ ਕੌਂਸਲਰ ਸਾਹਿਬਾਨ ਨੂੰ ਰੋਡ ਜਾਲੀਆਂ ਸਾਫ ਕਰਨ ਦਾ ਸ਼ਡਿਊਲ ਭੇਜਿਆ ਜਾਵੇ ਅਤੇ ਰੋਡ ਜਾਲੀਆਂ ਸਾਫ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਗਰ ਸੁਧਾਰ ਟਰੱਸਟ ਪਾਸੋਂ ਵਿਕਾਸ ਦੇ ਕੰਮ ਕਰਵਾਉਣ ਅਤੇ ਫੰਡਜ਼ ਨਗਰ ਸੁਧਾਰ ਟਰੱਸਟ, ਬਠਿੰਡਾ ਪਾਸ ਭੇਜਣ ਤੇ ਹਾਊਸ ਦੇ ਹੱਕਾਂ ਤੇ ਡਾਕਾ ਮਾਰਿਆ ਹੈ। ਉਹਨਾਂ ਆਪਣੇ ਵਾਰਡ ਵਿੱਚੋਂ ਜਲਦ ਤੋਂ ਜਲਦ ਅਵਾਰਾ ਪਸ਼ੂ ਚੁਕਵਾਉਣ ਦੀ ਮੰਗ ਕੀਤੀ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਵੱਲੋਂ ਅੱਜ ਦੀ ਮੀਟਿੰਗ ਵਿੱਚ ਟੋਭਿਆਂ ਦੀ ਡੀ-ਸਿਲਟਿੰਗ ਕਰਾਉਣ ਸਬੰਧੀ ਕੀਤੇ ਜਾਣ ਵਾਲੇ ਕੰਮਾਂ ਬਾਰੇ ਪੁੱਛਣ ਤੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੇ ਦਸਿਆ ਕਿ ਪਹਿਲਾਂ ਇਹਨਾਂ ਟੋਭਿਆਂ ਦੀ ਡੀ-ਵਾਟਰਿੰਗ ਕੀਤੀ ਜਾਵੇਗੀ। ਇਸ ਸਬੰਧੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਡੀ.ਏ.ਵੀ ਕਾਲਜ ਦੇ ਟੋਭੇ ਦੀ ਡੀ-ਵਾਟਰਿੰਗ ਕਰਨ ਖਾਤਰ ਚੰਦਸਰ ਬਸਤੀ ਵਾਲੇ ਪਾਸੇ ਦੋ ਮੋਟਰਾਂ ਲਗਾ ਦਿੱਤੀਆਂ ਗਈਆਂ ਹਨ। ਉਹਨਾਂ ਇਹ ਵੀ ਦਸਿਆ ਕਿ ਡੀ-ਸਿਲਟਿੰਗ ਕਰਨ ਉਪਰੰਤ ਜੋ ਗਾਰ ਯੂਜ਼ੇਬਲ ਹੋਵੇਗੀ, ਉਹ ਕੂੜ੍ਹਾ-ਕਰਕੱਟ ਵਾਲੇ ਪਲਾਂਟ ਤੇ ਭੇਜ ਦਿੱਤੀ ਜਾਵੇਗੀ ਅਤੇ ਬਾਕੀ ਦੀ ਗਾਰ ਟੋਭੇ ਦੇ ਆਸੇ-ਪਾਸੇ ਵਿਛਾ ਦਿੱਤੀ ਜਾਵੇਗੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੋ ਵੀ ਗਾਰ ਅਣਯੂਜ਼ੇਬਲ ਹੋਵੇਗੀ, ਉਸਨੂੰ ਟੋਭੇ ਦੇ ਆਸੇ-ਪਾਸੇ ਵਿਛਾਉਣ ਦੀ ਬਜਾਏ ਜਲਦ ਤੋਂ ਜਲਦ ਚੁਕਵਾ ਦਿੱਤਾ ਜਾਵੇ ਤਾਂ ਜੋ ਲੋਕਾਂ ਵੱਲੋਂ ਅਣਅਧਿਕਾਰਤ ਤੋਰ ਤੇ ਕਿਸੇ ਕਿਸਮ ਦੀ ਦੱਬ ਨਾ ਕੀਤੀ ਜਾ ਸਕੇ। ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਜੇਕਰ ਟੋਭਿਆਂ ਦੀ ਡੀ-ਸਿਲਟਿੰਗ ਕਰਕੇ ਡੂੰਘਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਗੰਦੇ ਪਾਣੀ ਦੇ ਗਰਾਊਂਡ ਵਾਟਰ ਨਾਲ ਮਿਕਸ ਹੋਣ ਦੇ ਆਸਾਰ ਪੈਦਾ ਹੋ ਜਾਣਗੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਗੰਦਾ ਪਾਣੀ ਗਰਾਊਂਡ ਵਾਟਰ ਨਾਲ ਮਿਕਸ ਨਾ ਹੋ ਸਕੇ, ਇਸ ਸਬੰਧੀ ਪ੍ਰਦੂਸ਼ਨ ਕੰਟਰੋਲ ਬੋਰਡ ਤੋਂ ਆਗਿਆ ਲੈ ਕੇ ਟੋਭਿਆਂ ਡੀ-ਸਿਲਟਿੰਗ ਕਰਾਉਣ ਦਾ ਕੰਮ ਅਮਲ ਵਿੱਚ ਲਿਆਂਦਾ ਜਾਵੇ।

ਸ਼੍ਰੀ ਹਰਜਿੰਦਰ ਸਿੰਘ ਟੋਨੀ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨਾਂ ਨੇ ਕਿਹਾ ਕਿ ਸੰਜੇ ਨਗਰ, ਬੰਗੀ ਨਗਰ, ਸੰਗੂਆਣਾ ਬਸਤੀ ਅਤੇ ਅਮਰਪੁਰਾ ਬਸਤੀ ਵਾਲੇ ਪਾਸੇ ਜਾਣ ਲਈ ਜਲਦ ਤੋਂ ਜਲਦ ਓਵਰਬਰਿਜ ਬਣਾਇਆ ਜਾਵੇ ਤਾਂ ਜੋ ਆਮ ਪਬਲਿਕ ਨੂੰ ਰਾਹਤ ਮਿਲ ਸਕੇ। ਉਹਨਾਂ ਇਹ ਵੀ ਮੰਗ ਕੀਤੀ ਕਿ ਸੰਗੂਆਣਾ-ਅਮਰਪੁਰਾ ਟੋਭੇ ਦਾ ਡੀ.ਏ.ਵੀ ਕਾਲਜ ਵਾਲੇ ਟੋਭੇ ਦੀ ਤਰ੍ਹਾਂ ਸੁੰਦਰੀਕਰਨ ਕਰਨ ਖਾਤਰ ਪ੍ਰੋਜੈਕਟ ਬਣਾਇਆ ਜਾਵੇ ਤਾਂ ਜੋ ਇਸ ਪਾਸੇ ਦੇ ਵਸਨੀਕਾਂ ਨੂੰ ਵੀ ਸੁੱਖ ਦਾ ਸਾਹ ਮਿਲ ਸਕੇ। ਕੌਂਸਲਰ ਸਾਹਿਬਾਨਾਂ ਨੇ ਕਿਹਾ ਕਿ ਇਸ ਪਾਸੇ ਬਣਨ ਜਾ ਰਹੇ ਓਵਰਬਰਿਜ ਦੇ ਪਿੱਲਰਾਂ ਦੀ ਥਾਂ ਛੱਡ ਕੇ ਬਾਰਸ਼ ਦਾ ਪਾਣੀ ਇੱਕਠਾ ਕਰਨ ਲਈ ਟੋਭੇ ਵਿੱਚ ਪੱਕਾ ਟੈਂਕ ਬਣਾਇਆ ਜਾਵੇ ਤਾਂ ਜੋ ਗੰਦਾ ਪਾਣੀ ਗਰਾਊਂਡ ਵਾਟਰ ਨਾਲ ਮਿਕਸ ਨਾ ਹੋ ਸਕੇ।

ਸ੍ਰ: ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਜਿੰਨ੍ਹਾਂ ਗਲੀਆਂ ਵਿੱਚ ਵਾਟਰ ਸਪਲਾਈ ਦੀਆਂ ਪਾਈਪਾਂ ਕੰਡਮ ਹੋ ਚੁੱਕੀਆਂ ਹਨ, ਜਾਂ ਅਜੇ ਤੱਕ ਪਾਈਆਂ ਹੀ ਨਹੀਂ ਗਈਆਂ, ਉਹਨਾਂ ਏਰੀਆਂ ਵਿੱਚ ਪਾਈਪਾਂ ਪਵਾਈਆਂ ਜਾਣ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਜੋ ਕੰਮ ਤ੍ਰਿਵੇਣੀ ਦੇ ਸਕੋਪ ਵਿੱਚ ਨਹੀਂ ਹੈ, ਉਹ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਾਉਣ ਲਈ ਤਖਮੀਨੇ ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੇ ਜਾਣ ਤਾਂ ਜੋ ਉਸਤੇ ਵਿਚਾਰ ਕਰਕੇ ਹਾਊਸ ਵੱਲੋਂ ਫੈਸਲਾ ਲਿਆ ਜਾ ਸਕੇ।

ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਪਿਛਲੇ ਸਮੇਂ ਦੋਰਾਨ ਮੈਂ ਵਿਦੇਸ਼ ਗਿਆ ਹੋਇਆ ਸੀ। ਉਸ ਸਮੇਂ ਦੋਰਾਨ ਮੇਰੇ ਵਾਰਡ ਦਾ ਇੱਕ ਵੀ ਤਖਮੀਨਾ ਨਹੀਂ ਬਣਾਇਆ ਗਿਆ। ਉਹਨਾਂ ਜਲਦ ਤੋਂ ਜਲਦ ਆਪਣੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਤਖਮੀਨੇ ਬਣਾ ਕੇ ਪਾਸ ਕਰਨ ਦੀ ਬੇਨਤੀ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**<u>ਏਜੰਡਾ ਨੰਬਰ 1 :</u>**

ਮੀਟਿੰਗ ਮਿਤੀ 20.04.2018 ਦੀ ਕਾਰਵਾਈ ਦੀ ਪਕਿਆਈ।

<u>ਮਤਾ ਨੰਬਰ 14:</u> **ਮੀਟਿੰਗ ਮਿਤੀ 20.04.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**<u>ਏਜੰਡਾ ਨੰਬਰ: 2:</u>**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਡੀ-ਸਿਲਟਿੰਗ ਆਫ ਸੰਗੂਆਣਾ ਪੌਂਡ | 16.15 |
| 2. | ਡੀ-ਸਿਲਟਿੰਗ ਆਫ ਪੌਂਡ ਬੈਕ ਸਾਈਡ ਡੀ.ਏ.ਵੀ. ਕਾਲਜ | 14.99 |

ਕੇਸ ਹਾਊਸ ਦੇ ਵਿਚਾਰ ਹਿੱਤ।

<u>ਮਤਾ ਨੰਬਰ 15:</u> **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਹਾਊਸ ਦੇ ਮਤਾ ਨੰਬਰ 64 ਮਿਤੀ 13.12.2016 ਰਾਹੀਂ ਪਾਸ ਕੀਤੇ ਡੀ.ਏ.ਵੀ ਕਾਲਜ ਵਾਲੇ ਛੱਪੜ ਦਾ ਸੁੰਦਰੀਕਰਨ ਕਰਨ ਦੀ ਤਰਜ਼ ਤੇ ਸੰਗੂਆਣਾ ਅਤੇ ਅਮਰਪੁਰਾ ਟੋਭੇ ਦਾ ਵੀ ਸੁੰਦਰੀਕਰਨ ਕਰਨ ਸਬੰਧੀ ਤਖਮੀਨਾ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ, ਜਿਸ ਵਿੱਚ ਇਸ ਪਾਸੇ ਬਣਨ ਜਾ ਰਹੇ ਓਵਰਬਰਿਜ ਦੇ ਪਿੱਲਰਾਂ ਦੀ ਥਾਂ ਛੱਡ ਕੇ ਬਾਕੀ ਬਚਦੀ ਜਗ੍ਹਾ ਵਿੱਚ ਆਰ.ਸੀ.ਸੀ. ਟੈਂਕ ਬਨਾਉਣ ਦੀ ਵੀ ਵਿਵਸਥਾ ਹੋਵੇ, ਤਾਂ ਜੋ ਗੰਦਾ ਪਾਣੀ ਗਰਾਊਂਡ ਵਾਟਰ ਨਾਲ ਮਿਕਸ ਨਾ ਹੋ ਸਕੇ ਅਤੇ ਇਸ ਪਾਸੇ ਬਣਨ ਜਾ ਰਹੇ ਓਵਰਬਰਿਜ ਦੇ ਪਿੱਲਰਾਂ ਨੂੰ ਭੱਵਿਖ ਵਿੱਚ ਵੀ ਕੋਈ ਨੁਕਸਾਨ ਨਾ ਹੋਵੇ। ਇਸੇ ਤਰ੍ਹਾਂ ਸੰਜੇ ਨਗਰ ਅਤੇ ਬਲਰਾਜ ਨਗਰ ਵਾਲੇ ਟੋਭੇ ਵਿੱਚ ਆਰ.ਸੀ.ਸੀ. ਟੈਂਕਾਂ ਦੀ ਵਿਵਸਥਾ ਕਰਦੇ ਹੋਏ ਇਸ ਟੋਭੇ ਦਾ ਵੀ ਸੁੰਦਰੀਕਰਨ ਕਰਨ ਖਾਤਰ ਹਾਊਸ ਦੀ ਅਗਲੀ ਮੀਟਿੰਗ ਵਿੱਚ ਤਖਮੀਨਾ ਪੇਸ਼ ਕੀਤਾ ਜਾਵੇ।**

## <u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ :-</u>

**<u>ਏਜੰਡਾ ਨੰਬਰ 1 :</u>**

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀ ਗਊਸ਼ਾਲਾ ਰਜਿਸਟਰਡ, ਬਠਿੰਡਾ ਨੂੰ ਡਾਇਟ ਮਨੀ ਦੇਣ ਅਤੇ ਹੋਰ ਆ ਰਹੀਆਂ ਸਮੱਸਿਆਂਵਾਂ ਦੇ ਹੱਲ ਲਈ ਬਣਾਈ ਸਬ-ਕਮੇਟੀ ਦੀ ਮੀਟਿੰਗ ਮਿਤੀ 18.03.2018 ਨੂੰ ਦੁਪਹਿਰ 12.00 ਵਜੇ ਹੋਈ। ਮੀਟਿੰਗ ਵਿੱਚ ਚੀਫ ਸੈਨਟਰੀ ਇੰਸਪੈਕਟਰ ਨੇ ਸੁਚਿਤ ਕੀਤਾ ਕਿ ਨਗਰ ਨਿਗਮ ਕੈਟਲ ਪਾਊਂਡ ਵਿੱਚ 1077 ਗਊਵੰਸ਼ ਤੇ ਟੈਗਿੰਗ ਕਰ ਦਿੱਤੀ ਗਈ ਹੈ, ਜਿਸਦੀ ਸੂਚੀ ਨਗਰ ਨਿਗਮ ਬਠਿੰਡਾ ਦੇ ਦਫਤਰ ਵਿੱਚ ਅਤੇ ਸ਼੍ਰੀ ਗਊਸ਼ਾਲਾ (ਰਜਿ:) ਬਠਿੰਡਾ ਦੇ ਦਫਤਰ ਵਿੱਚ ਦੇ ਦਿੱਤੀ ਗਈ ਹੈ।

ਸਕੱਤਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਅੱਜ ਦੀ ਇਕੱਤਰਤਾ ਵਿੱਚ ਨਗਰ ਨਿਗਮ (ਸ਼੍ਰੀ ਬਾਲ ਗੋਪਾਲ ਗਊਸ਼ਾਲਾ, ਡਬਵਾਲੀ ਰੋਡ) ਬਠਿੰਡਾ ਵਿਖੇ ਰੱਖੇ ਗਏ ਗਊਵੰਸ਼ ਦੇ ਲਈ ਡਾਇਟ ਮਨੀ ਦੀ ਰਾਸ਼ੀ ਨਿਸ਼ਚਿਤ ਕੀਤੀ ਜਾਣੀ ਹੈ।

ਪ੍ਰਧਾਨ ਸ਼੍ਰੀ ਗਊਸ਼ਾਲਾ (ਰਜਿ:) ਵੱਲੋਂ ਦਸਿਆ ਗਿਆ ਕਿ ਸਾਲ 2004 ਦੇ ਐਗਰੀਮੈਂਟ ਅਨੁਸਾਰ 23/- ਰੁਪਏ ਅਤੇ ਸਾਲ 2008 ਦੇ ਐਗਰੀਮੈਂਟ ਅਨੁਸਾਰ 01.07.2017 ਨੂੰ ਡਾਇਟ ਮਨੀ ਦੀ ਰਕਮ 29/- ਰੁਪਏ ਪ੍ਰਤੀ ਨਗ ਪ੍ਰਤੀ ਦਿਨ ਬਣਦੀ ਹੈ, ਜਦੋਂ ਕਿ ਖਰਚਾ ਪ੍ਰਤੀ ਨਗ ਪ੍ਰਤੀ ਦਿਨ 75/- ਰੁਪਏ ਆਉਂਦਾ ਹੈ। ਇਸ ਲਈ ਡਾਇਟਮਨੀ ਦੇ ਰਾਸ਼ੀ ਵਿੱਚ ਵਾਧਾ ਕੀਤਾ ਜਾਣਾ ਜਰੂਰੀ ਹੈ, ਉਨ੍ਹਾਂ ਵੱਲੋਂ ਪ੍ਰਤੀ ਨਗ ਪ੍ਰਤੀ ਦਿਨ ਆਉਣ ਵਾਲੇ ਖਰਚ ਬਾਰੇ ਡਿਟੇਲ ਵੀ ਪੇਸ਼ ਕੀਤੀ। ਇਹ ਵੀ ਦਸਿਆ ਗਿਆ ਕਿ ਨਗਰ ਨਿਗਮ ਲੁਧਿਆਣਾ ਵੱਲੋਂ ਡਾਇਟ ਮਨੀ 30/- ਰੁਪਏ ਪ੍ਰਤੀ ਨਗ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ। ਪੇਸ਼ ਕੀਤੇ ਗਏ ਖਰਚੇ ਦੀ ਡਿਟੇਲ ਉਪਰ ਸਾਰੇ ਮੈਂਬਰਾਂ ਨੇ ਕਾਫੀ ਵਿਚਾਰ ਕੀਤਾ ਅਤੇ ਵਿਚਾਰ ਵਟਾਂਦਰੇ ਉਪਰੰਤ ਸਾਰਿਆਂ ਦੀ ਸਹਿਮਤੀ ਉਪਰੰਤ ਫੈਸਲਾ ਕੀਤਾ ਗਿਆ ਕਿ ਮਿਤੀ 01.07.2017 ਤੋਂ ਡਾਇਟ ਮਨੀ ਦੀ ਰਾਸ਼ੀ 31.00 ਰੁਪਏ ਸਮੇਤ ਦਵਾਈਆਂ ਪ੍ਰਤੀ ਦਿਨ ਪ੍ਰਤੀ ਨਗ (ਗਊਵੰਸ਼) ਦਿੱਤਾ ਜਾਵੇ। ਜਿਸ ਵਿੱਚ ਹਰ ਸਾਲ 1/- ਰੁਪਏ ਪ੍ਰਤੀ ਦਿਨ ਪ੍ਰਤੀ ਨਗ ਦੀ ਦਰ ਨਾਲ ਜੁਲਾਈ 2018 ਤੋਂ ਵਾਧਾ ਕੀਤਾ ਜਾਵੇਗਾ।

ਵਿਚਾਰ ਵਟਾਂਦਰੇ ਉਪਰੰਤ ਸਾਰੇ ਹਾਜ਼ਰ ਮੈਂਬਰਾਂ ਦੀ ਸਹਿਮਤੀ ਉਪਰੰਤ ਹੇਠ ਲਿਖੇ ਅਨੁਸਾਰ ਵੀ ਫੈਸਲੇ ਕੀਤੇ ਗਏ:-

1. ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਕਿ ਨਗਰ ਨਿਗਮ ਕੈਟਲ ਪਾਊਂਡ (ਸ਼੍ਰੀ ਬਾਲ ਗੋਪਾਲ ਗਊਸ਼ਾਲਾ, ਡਬਵਾਲੀ ਰੋਡ) ਬਠਿੰਡਾ ਵਿਖੇ 23 ਨਗ ਗਊਆਂ/ ਵੱਛੀਆਂ ਹੋਰ ਭੇਜੇ ਜਾਣ ਅਤੇ ਕੁੱਲ ਗਿਣਤੀ 1100 ਰੱਖੀ ਜਾਵੇ।
2. ਜਿਹੜਾ ਗਊਵੰਸ਼ ਮਰ ਜਾਵੇਗਾ, ਤਾਂ ਉਸ ਦੀ ਟੈਗ ਨੰਬਰ ਦਰਸਾ ਕੇ ਸੂਚੀ ਹਰ ਮਹੀਨੇ ਗਊਸ਼ਾਲਾ ਕਮੇਟੀ, ਬਠਿੰਡਾ, ਕਮਿਸ਼ਨਰ, ਨਗਰ ਨਿਗਮ ਬਠਿੰਡਾ ਅਤੇ ਚੀਫ ਸੈਨਟਰੀ ਇੰਸਪੈਕਟਰ ਨੂੰ ਲਿਖਤੀ ਸੁਚਿਤ ਕਰੇਗੀ।

3. ਜੋ ਗਊ ਵੰਸ਼ ਸ਼ਹਿਰ ਵਿੱਚੋਂ ਫੜ੍ਹ ਕੇ ਨਗਰ ਨਿਗਮ ਬਠਿੰਡਾ ਵੱਲੋਂ ਨਗਰ ਨਿਗਮ ਕੈਟਲ ਪਾਉਂਡ (ਸ਼੍ਰੀ ਬਾਲ ਗੋਪਾਲ ਗਊਸ਼ਾਲਾ, ਡਬਵਾਲੀ ਰੋਡ) ਬਠਿੰਡਾ ਵਿੱਚ ਭੇਜਿਆ ਜਾਵੇਗਾ। ਉਸਤੇ ਟੈਗਿੰਗ ਲਗਾਉਣੀ ਚੀਫ ਸੈਨਟਰੀ ਇੰਸਪੈਕਟਰ ਦੀ ਜਿੰਮੇਵਾਰੀ ਹੋਵੇਗੀ।
4. ਸਬ-ਕਮੇਟੀ ਵੱਲੋਂ ਅੱਜ ਦੀ ਮੀਟਿੰਗ ਤੋਂ ਬਾਅਦ ਕੈਟਲ ਪਾਊਂਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਗਊਵੰਸ਼ ਦੀ ਵਿਵਸਥਾ ਦੇਖੀ ਜਾਵੇਗੀ।
5. ਸਕੱਤਰ, ਨਗਰ ਨਿਗਮ ਬਠਿੰਡਾ ਐਮ.ਓ.ਯੂ. ਦਾ ਖਰੜਾ ਤਿਆਰ ਕਰਕੇ ਸਬ-ਕਮੇਟੀ ਦੇ ਮੈਂਬਰਾਂ ਪਾਸੋਂ ਪ੍ਰਵਾਨ ਕਰਵਾਉਣਗੇ ਅਤੇ ਅਗਲੀ ਕਾਰਵਾਈ ਕਰਨਗੇ।
6. ਗਊਸ਼ਾਲਾ ਦੇ ਨੁਮਾਇੰਦਿਆਂ ਵੱਲੋਂ ਜੋ ਸ਼ੈਡ ਦੀ ਰਾਸ਼ੀ ਦੀ ਮੰਗ ਕੀਤੀ ਗਈ ਹੈ, ਉਸ ਸਬੰਧੀ ਵੱਖਰੇ ਤੋਰ ਤੇ ਵਿਸਥਾਰਪੂਰਵਕ ਤਜਵੀਜ ਭੇਜੀ ਜਾਵੇ।

ਉਕਤ ਅਨੁਸਾਰ ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 16:** **ਪ੍ਰਵਾਨ ਹੈ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:
1. ਪੀ.ਏ.ਟੂ ਮੇਅਰ
2. ਪੀ.ਏ. ਟੂ ਕਮਿਸ਼ਨਰ
3. ਸਮੂਹ ਨਿਗਮ ਇੰਜੀਨੀਅਰ/ ਸਹਾਇਕ ਨਿਗਮ ਇੰਜੀਨੀਅਰ
4. ਸੀਨੀਅਰ ਟਾਊਨ ਪਲੈਨਰ
5. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
6. ਡਿਪਟੀ ਕੰਟਰੋਲਰ (ਲੋਕਲ ਆਡਿਟ)
7. ਸਕੱਤਰ
8. ਸਮੂਹ ਸੁਪਰਡੈਂਟ
9. ਸਿਹਤ ਅਫਸਰ/ਚੀਫ ਸੈਨਟਰੀ ਇੰਸਪੈਕਟਰ
10. ਸਹਾਇਕ ਮੰਡਲ ਫਾਇਰ ਅਫਸਰ
11. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਅਤੇ 2
12. ਸਟੋਰ ਕੀਪਰ

ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।